Information for Parents

ਫ਼ਰਕ ਪੈਦਾ ਕਰਨਾ

# ਪੜ੍ਹਾਈ ਦੀ ਵਿਅਕਤੀਗਤ ਯੋਜਨਾ ਬਣਾਉਣੀ









ਬੱਚਿਆਂ ਦੇ ਜੀਵਨ 'ਤੇ ਉਨ੍ਹਾਂ ਦੇ ਮਾਤਾ-ਪਿਤਾ, ਕੇਅਰਰਾਂ (ਦੇਖਭਾਲ ਕਰਨ ਵਾਲਿਆਂ) ਅਤੇ ਪਰਿਵਾਰ ਦੇ ਮੈਂਬਰਾਂ ਦਾ ਕਾਫ਼ੀ ਹੱਦ ਤਕ ਬਹੁਤ ਮਹੱਤਵਪੂਰਨ ਪ੍ਰਭਾਵ ਹੁੰਦਾ ਹੈ। ਬੱਚੇ ਕੀ ਸਿੱਖਦੇ ਰਹੇ ਹਨ ਇਸ ਬਾਰੇ ਉਨ੍ਹਾਂ ਨਾਲ ਗੱਲ ਕਰਕੇ, ਉਨ੍ਹਾਂ ਦੁਆਰਾ ਕੀਤੀ ਗਈ ਤਰੱਕੀ 'ਤੇ ਗੱਲਬਾਤ ਕਰਕੇ ਅਤੇ ਇਸਦੇ ਬਾਅਦ ਉਹ ਕੀ ਪ੍ਰਾਪਤ ਕਰਨਾ ਚਾਹੁਣਗੇ, ਇਸਦੇ ਲਈ ਵਾਸਤਵਿਕ ਟੀਚੇ ਨਿਸ਼ਚਿਤ ਕਰਨ ਵਿੱਚ ਉਨ੍ਹਾਂ ਦੀ ਸਹਾਇਤਾ ਕਰਕੇ ਤੁਸੀਂ ਆਪਣੇ ਬੱਚੇ ਦੀ ਪੜ੍ਹਾਈ ਵਿੱਚ ਫ਼ਰਕ ਲਿਆ ਸਕਦੇ ਹੋ। ਤੁਸੀਂ ਲਿਖਤੀ ਰਿਪੋਰਟਾਂ, ਪੇਰੇਂਟਸ ਈਵਨਿੰਗਜ਼ ਅਤੇ ਮੀਟਿੰਗਾਂ, ਅਤੇ ਨਾਲ ਹੀ ਪੜ੍ਹਾਈ ਦੀ ਵਿਅਕਤੀਗਤ ਯੋਜਨਾ ਬਣਾਉਣ ਦੁਆਰਾ ਇਹ ਵੀ ਪਤਾ ਕਰ ਸਕਦੇ ਹੋ ਕਿ ਤੁਹਾਡਾ ਬੱਚਾ ਸਕੂਲ ਵਿੱਚ ਕਿਹੋ ਜਿਹਾ ਕੰਮ ਕਰ ਰਿਹਾ ਹੈ।







## ਸਕੂਲ ਕੀ ਕਰ ਰਹੇ ਹਨ?

ਸਕੂਲ ਬੱਚਿਆਂ ਅਤੇ ਨੌਜਵਾਨਾਂ ਨੂੰ ਉਤਸ਼ਾਹਿਤ ਕਰ ਰਹੇ ਹਨ ਕਿ ਉਹ ਆਪਣੀ ਖ਼ੁਦ ਦੀ ਪੜ੍ਹਾਈ ਲਈ ਅਤੇ ਜਿਵੇਂ-ਜਿਵੇਂ ਉਹ ਸਕੂਲ ਵਿੱਚ ਅੱਗੇ ਵੱਧਦੇ ਹਨ, ਉਨ੍ਹਾਂ ਦੁਆਰਾ ਲਈਆਂ ਜਾਣ ਵਾਲੀਆਂ ਚੋਣਾਂ ਲਈ ਵਧੇਰੇ ਜ਼ਿੰਮੇਵਾਰੀ ਲੈਣ। ਸਕੂਲ ਸਾਰੇ ਬੱਚਿਆਂ ਦੀ ਹੇਠਾਂ ਲਿਖੇ ਬਣਨ ਵਿੱਚ ਮਦਦ ਕਰਨ ਦਾ ਟੀਚਾ ਰੱਖਦੇ ਹਨ:

- ਸਫਲ ਵਿਦਿਆਰਥੀ
- ਆਤਮਵਿਸ਼ਵਾਸੀ ਵਿਅਕਤੀ
- ਜ਼ਿੰਮੇਵਾਰ ਨਾਗਰਿਕ
- ਸਮਾਜ ਵਿੱਚ ਪ੍ਰਭਾਵਸ਼ਾਲੀ ਯੋਗਦਾਨ ਦੇਣ ਵਾਲਾ ਵਿਅਕਤੀ।

ਅੱਜ ਦੀ ਸਿੱਖਿਆ ਵਿੱਚ ਸਿਰਫ਼ ਤੱਥਾਂ ਅਤੇ ਅੰਕੜਿਆਂ ਦੀ ਪੜ੍ਹਾਈ ਕਰਨ ਤੋਂ ਕਿਤੇ ਵੱਧ ਚੀਜ਼ਾਂ ਸ਼ਾਮਲ ਹੁੰਦੀਆਂ ਹਨ। ਤੁਹਾਡੇ ਬੱਚੇ ਨੂੰ ਅਜਿਹੇ ਹੁਨਰ ਦੇਣ ਲਈ, ਜਿਨ੍ਹਾਂ ਦੀ ਲੋੜ ਉਨ੍ਹਾਂ ਨੂੰ ਬਾਲਗ ਜੀਵਨ ਵਿੱਚ ਹੋਵੇਗੀ, ਉਹ ਹੇਠਾਂ ਲਿਖੀਆਂ ਗੱਲਾਂ ਸਿੱਖਣਗੇ:

- ਕਿਵੇਂ ਸਿੱਖਣਾ ਹੈ
- ਆਪਣੇ ਖ਼ੁਦ ਲਈ ਵਿਅਕਤੀਗਤ ਟੀਚੇ ਨਿਸ਼ਚਿਤ ਕਰਨੇ
- ਆਪਣੀ ਖ਼ੁਦ ਦੀ ਤਰੱਕੀ ਨੂੰ ਪਛਾਣਨਾ ਅਤੇ ਇਸਦੀ ਨਿਗਰਾਨੀ ਕਰਨੀ
- ਆਪਣੇ ਉਦੇਸ਼ਾਂ ਅਤੇ ਅਭਿਲਾਸ਼ਾਵਾਂ ਨੂੰ ਸਮਝਣਾ
- ਸੁਤੰਤਰਤਾ ਵਿਕਸਿਤ ਕਰਨੀ
- ਆਪਣੇ-ਆਪ ਵਿੱਚ ਆਤਮਵਿਸ਼ਵਾਸ ਪੈਦਾ ਕਰਨਾ।

**ਸਕੂਲ ਪਾਠਕ੍ਰਮ ਵਧੇਰੇ ਲਚੀਲਾ ਬਣਦਾ ਜਾ ਰਿਹਾ ਹੈ ਤਾਂ ਜੋ ਇਹ 3 ਤੋਂ 18 ਸਾਲ ਤਕ ਦੀ ਉਮਰ ਦੇ ਸਾਰੇ ਨੌਜਵਾਨਾਂ ਦੀਆਂ ਲੋੜਾਂ ਨੂੰ ਬਿਹਤਰ ਢੰਗ ਨਾਲ ਪੂਰਾ ਕਰ ਸਕੇ। ਇਹ ਨਿਸ਼ਚਿਤ ਕਰਨ ਲਈ ਕਿ ਪਾਠਕ੍ਰਮ ਹਰ ਇੱਕ ਬੱਚੇ ਨੂੰ ਅਜਿਹੇ ਮੌਕੇ ਮੁਹੱਈਆ ਕਰਦਾ ਹੈ ਜਿਸਦੀ ਲੋੜ ਉਨ੍ਹਾਂ ਨੂੰ ਪੜ੍ਹਾਈ ਲਈ ਹੈ, ਸਕੂਲ ਤਰੱਕੀ ਦਾ ਮੁਲਾਂਕਣ ਕਰਨ ਅਤੇ ਇਸਨੂੰ ਰਿਕਾਰਡ ਕਰਨ ਦੇ ਨਵੇਂ ਤਰੀਕੇ ਵਿਕਸਿਤ ਕਰ ਰਹੇ ਹਨ। ਪੜ੍ਹਾਈ ਦੀ ਵਿਅਕਤੀਗਤ ਯੋਜਨਾ ਬਣਾਉਣੀ ਇਸ ਪ੍ਰਕ੍ਰਿਆ ਦਾ ਇੱਕ ਮੁੱਖ ਹਿੱਸਾ ਹੈ।**



# ਪੜ੍ਹਾਈ ਦੀ ਵਿਅਕਤੀਗਤ ਯੋਜਨਾ ਬਣਾਉਣੀ ਕੀ ਹੁੰਦਾ ਹੈ?

ਰਿਸਰਚ ਤੋਂ ਪਤਾ ਚਲਦਾ ਹੈ ਕਿ ਬੱਚੇ ਉਦੋਂ ਸਭ ਤੋਂ ਵਧੀਆ ਸਿੱਖਦੇ ਹਨ ਜਦੋਂ ਉਹ:

- ਸਪਸ਼ਟ ਰੂਪ ਵਿੱਚ ਸਮਝਦੇ ਹਨ ਕਿ ਉਹ ਕੀ ਸਿੱਖਣ ਦੀ ਕੋਸ਼ਿਸ਼ ਕਰ ਰਹੇ ਹਨ
- ਜਾਣਦੇ ਹਨ ਕਿ ਉਨ੍ਹਾਂ ਤੋਂ ਕੀ ਉਮੀਦ ਕੀਤੀ ਜਾਂਦੀ ਹੈ
- ਉਨ੍ਹਾਂ ਦੇ ਕੰਮ ਦੇ ਪੱਧਰ ਬਾਰੇ ਉਨ੍ਹਾਂ ਨੂੰ ਵਾਪਸੀ ਪ੍ਰਤਿਕ੍ਰਿਆ ਦਿੱਤੀ ਜਾਂਦੀ ਹੈ
- ਉਨ੍ਹਾਂ ਨੂੰ ਇਸ ਬਾਰੇ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਕੰਮ ਵਿੱਚ ਕਿਵੇਂ ਸੁਧਾਰ ਲਿਆ ਸਕਦੇ ਹਨ
- ਇਹ ਫ਼ੈਸਲਾ ਕਰਨ ਵਿੱਚ ਸ਼ਾਮਲ ਹੁੰਦੇ ਹਨ ਕਿ ਇਸਦੇ ਬਾਅਦ ਕੀ ਕਰਨ ਦੀ ਲੋੜ ਹੈ
- ਜਾਣਦੇ ਹਨ ਕਿ ਜੇ ਉਨ੍ਹਾਂ ਨੂੰ ਲੋੜ ਹੋਵੇ ਤਾਂ ਕੌਣ ਉਨ੍ਹਾਂ ਦੀ ਮਦਦ ਕਰ ਸਕਦਾ ਹੈ।

ਪੜ੍ਹਾਈ ਦੀ ਵਿਅਕਤੀਗਤ ਯੋਜਨਾ ਬਣਾਉਣੀ ਇੱਕ ਅਜਿਹੀ ਪ੍ਰਕ੍ਰਿਆ ਹੈ ਜੋ ਇਨ੍ਹਾਂ ਗੱਲਾਂ ਨੂੰ ਧਿਆਨ ਵਿੱਚ ਰੱਖਦੀ ਹੈ ਅਤੇ ਆਪਣੀ ਸਮਰੱਥਾ ਤੋਂ ਵੱਧ ਤੋਂ ਵੱਧ ਹਾਸਲ ਕਰਨ ਵਿੱਚ ਤੁਹਾਡੇ ਬੱਚੇ ਦੀ ਮਦਦ ਕਰੇਗੀ। ਇਹ ਪੜ੍ਹਾਈ ਬਾਰੇ ਇੱਕ ਗੱਲਬਾਤ ਹੁੰਦੀ ਹੈ ਜਿਸ ਵਿੱਚ ਤੁਸੀਂ, ਤੁਹਾਡਾ ਬੱਚਾ ਅਤੇ ਉਸਦਾ ਅਧਿਆਪਕ ਸ਼ਾਮਲ ਹੋਣਗੇ। ਇਸ ਗੱਲਬਾਤ ਵਿੱਚ ਇਸ ਗੱਲ 'ਤੇ ਧਿਆਨ ਕੇਂਦ੍ਰਿਤ ਕੀਤਾ ਜਾਵੇਗਾ ਕਿ ਤੁਹਾਡਾ ਬੱਚਾ ਕੀ ਸਿੱਖੇਗਾ, ਉਪਲਬਧੀਆਂ ਅਤੇ ਤਰੱਕੀ ਦਾ ਸਬੂਤ ਕਿਹੋ ਜਿਹਾ ਹੋਵੇਗਾ, ਅਤੇ ਅਗਲੇ ਕਦਮਾਂ ਲਈ ਮਿਲ ਕੇ ਯੋਜਨਾ ਬਣਾਈ ਜਾਵੇਗੀ।

# ਇਸ ਵਿੱਚ ਕੀ ਸ਼ਾਮਲ ਹੁੰਦਾ ਹੈ?

ਪੜ੍ਹਾਈ ਦੀ ਵਿਅਕਤੀਗਤ ਯੋਜਨਾ ਬਣਾਉਣ ਬਾਰੇ ਗੱਲਬਾਤ ਦੇ ਨਤੀਜਿਆਂ ਨੂੰ ਸਕੂਲ ਅਜਿਹੇ ਤਰੀਕਿਆਂ ਨਾਲ ਦਰਜ ਕਰਨਗੇ ਜੋ ਤੁਹਾਡੇ ਬੱਚੇ, ਤੁਹਾਡੇ ਅਤੇ ਸਕੂਲ ਲਈ ਸਭ ਤੋਂ ਜ਼ਿਆਦਾ ਸਹੀ ਹੋਣਗੇ। ਇਹ ਇੱਕ ਟੀਚਾ ਸ਼ੀਟ, ਇੱਕ ਜੋਟਰ ਜਾਂ ਡਾਇਰੀ ਦੇ ਰੂਪ ਵਿੱਚ, ਜਾਂ ਫ਼ੋਟੋਗ੍ਰਾਫ਼ ਜਾਂ ਵੀਡਿਓ ਵਰਗੇ ਕਿਸੇ ਦੂਜੇ ਤਰੀਕੇ ਦੇ ਰੂਪ ਵਿੱਚ ਹੋਵੇ ਸਕਦਾ ਹੈ। ਇਸਨੂੰ ਜਿਵੇਂ ਵੀ ਰਿਕਾਰਡ ਕੀਤਾ ਜਾਵੇ, ਪੜ੍ਹਾਈ ਦੀ ਵਿਅਕਤੀਗਤ ਯੋਜਨਾ ਬਣਾਉਣ ਦੇ ਦਸਤਾਵੇਜ਼ ਤੁਹਾਡੇ ਬੱਚੇ ਦੇ ਹੁੰਦੇ ਹਨ ਅਤੇ ਉਹ ਜਾਂ ਉਨ੍ਹਾਂ ਦੇ ਅਧਿਆਪਕ ਸਮੇਂ-ਸਮੇਂ 'ਤੇ ਉਸ ਵਿੱਚ ਨਵੀਆਂ ਉਪਲਬਧੀਆਂ ਅਤੇ ਟੀਚੇ ਜੋੜਦੇ ਰਹਿਣਗੇ। ਪਰ ਇਹ ਗੱਲ ਯਾਦ ਰੱਖਣੀ ਮਹੱਤਵਪੂਰਨ ਹੈ ਕਿ ਕਿਸੇ ਪੜ੍ਹਾਈ ਦੀ ਵਿਅਕਤੀਗਤ ਯੋਜਨਾ ਬਣਾਉਣ ਦੇ ਦਸਤਾਵੇਜ਼ ਦੀ ਬਜਾਏ ਤੁਹਾਡੇ, ਤੁਹਾਡੇ ਬੱਚੇ ਅਤੇ ਉਸਦੇ ਅਧਿਆਪਕ ਵਿਚਕਾਰ ਗੱਲਬਾਤ ਹੀ ਹੈ, ਜੋ ਵਧੇਰੇ ਮਹੱਤਵਪੂਰਨ ਹੁੰਦੀ ਹੈ।

ਮਾਤਾਪਿਤਾ ਨੂੰ ਸ਼ਾਮਲ ਕਰਨ ਅਤੇ ਪੜ੍ਹਾਈ ਦੀ ਵਿਅਕਤੀਗਤ ਯੋਜਨਾ ਬਣਾਉਣ ਦੀ ਜਾਣਕਾਰੀ ਨੂੰ ਦਰਜ ਕਰਨ ਲਈ ਹਰ ਇੱਕ ਸਕੂਲ ਦੇ ਆਪਣੇ ਪ੍ਰਬੰਧ ਹੋਣਗੇ। ਤੁਹਾਡੇ ਬੱਚੇ ਦਾ ਸਕੂਲ ਇਹ ਕਿਵੇਂ ਕਰਦਾ ਹੈ, ਇਸ ਬਾਰੇ ਵਧੇਰੇ ਜਾਣਕਾਰੀ ਲਈ ਸਕੂਲ ਨਾਲ ਗੱਲ ਕਰੋ।

## ਮੇਰੇ ਬੱਚੇ ਨੂੰ ਕਿਵੇਂ ਲਾਭ ਪਹੁੰਚੇਗਾ?

ਪੜ੍ਹਾਈ ਦੀ ਵਿਅਕਤੀਗਤ ਯੋਜਨਾ ਬਣਾਉਣ ਵਿੱਚ ਹਿੱਸਾ ਲੈਕੇ, ਤੁਹਾਡਾ ਬੱਚਾ ਹੇਠਾਂ ਲਿਖੀਆਂ ਗੱਲਾਂ ਵਿਕਸਿਤ ਕਰ ਸਕਦਾ ਹੈ:

- ਆਪਣੀ ਪੜ੍ਹਾਈ ਲਈ ਜ਼ਿਆਦਾ ਜ਼ਿੰਮੇਵਾਰੀ
- ਬਿਹਤਰ ਆਤਮਵਿਸ਼ਵਾਸ ਅਤੇ ਸਵੈ-ਮਾਣ
- ਆਪਣੇ ਖ਼ੁਦ ਦੇ ਭਵਿੱਖ ਲਈ ਯੋਜਨਾ ਬਣਾਉਣ ਵਿੱਚ ਸ਼ਾਮਲ ਹੋਣ ਦੀ ਵੱਧ ਭਾਵਨਾ।

ਸਿਰਫ਼ ਇਹੀ ਗੱਲ ਮਹੱਤਵਪੂਰਨ ਨਹੀਂ ਹੈ ਕਿ ਤੁਹਾਡਾ ਬੱਚਾ ਸਕੂਲ ਵਿੱਚ ਕੀ ਸਿੱਖਦਾ ਹੈ - ਸਕੂਲ ਦੇ ਬਾਹਰ ਦੀਆਂ ਗਤੀਵਿਧੀਆਂ ਵਿੱਚ ਬੱਚਿਆਂ ਦੀਆਂ ਉਪਲਬਧੀਆਂ, ਜਿਵੇਂ ਕਿ ਖੇਡਾਂ ਜਾਂ ਸੰਗੀਤ ਜਾਂ ਵਿਸਤ੍ਰਿਤ ਦਿਲਚਸਪੀਆਂ ਵਿੱਚ ਸਫਲਤਾਵਾਂ ਨੂੰ ਵੀ ਰਿਕਾਰਡ ਕੀਤਾ ਜਾ ਸਕਦਾ ਹੈ।

## ਸਕੂਲ ਕੀ ਕਰ ਰਹੇ ਹਨ?

ਪੜ੍ਹਾਈ ਦੀ ਵਿਅਕਤੀਗਤ ਯੋਜਨਾ ਬਣਾਉਣ ਵਿੱਚ ਆਪਣੇ ਬੱਚੇ ਦੀ ਮਦਦ ਕਰਨ ਦਾ ਸਭ ਤੋਂ ਮਹੱਤਵਪੂਰਨ ਢੰਗ ਹੈ ਹੇਠਾਂ ਲਿਖੇ ਬਾਰੇ ਉਨ੍ਹਾਂ ਨਾਲ ਗੱਲ ਕਰਨੀ:

- ਸਕੂਲ ਵਿੱਚ ਅਤੇ ਸਕੂਲ ਦੇ ਬਾਹਰ, ਉਹ ਕੀ ਸਿੱਖ ਰਹੇ ਹਨ
- ਉਹ ਇਸ ਬਾਰੇ ਕੀ ਸੋਚਦੇ ਹਨ ਕਿ ਉਹ ਕਿਹੋ ਜਿਹਾ ਕੰਮ ਕਰ ਰਹੇ ਹਨ
- ਸਕੂਲ ਵਿੱਚ ਅਤੇ ਸਕੂਲ ਦੇ ਬਾਹਰ, ਉਨ੍ਹਾਂ ਨੇ ਕੀ ਸਫਲਤਾਵਾਂ ਹਾਸਲ ਕੀਤੀਆਂ ਹਨ
- ਉਹ ਟੀਚੇ ਜਿਨ੍ਹਾਂ ਨੂੰ ਉਹ ਭਵਿੱਖ ਵਿੱਚ ਪ੍ਰਾਪਤ ਕਰਨਾ ਚਾਹੁਣਗੇ।

ਤੁਹਾਡਾ ਯੋਗਦਾਨ ਤੁਹਾਡੇ ਬੱਚੇ ਦੀ ਪੜ੍ਹਾਈ ਦਾ ਇੱਕ ਜ਼ਰੂਰੀ ਹਿੱਸਾ ਹੁੰਦਾ ਹੈ ਅਤੇ ਸਕੂਲ ਤੁਹਾਡੇ ਵਿਚਾਰਾਂ ਦਾ ਸੁਆਗਤ ਕਰੇਗਾ। ਜੇ ਤੁਸੀਂ ਯੋਜਨਾ ਬਣਾਉਣ ਦੀ ਪ੍ਰਕ੍ਰਿਆ ਵਿੱਚ ਸ਼ਾਮਲ ਹੋਵੋਗੇ, ਤਾਂ ਤੁਹਾਡੇ ਬੱਚੇ ਦੀ ਪੜ੍ਹਾਈ ਦੀ ਵਿਅਕਤੀਗਤ ਯੋਜਨਾ ਬਣਾਉਣ ਦਾ ਕੰਮ ਵਧੇਰੇ ਪ੍ਰਭਾਵਸ਼ਾਲੀ ਹੋਵੇਗਾ ਅਤੇ ਉਹ ਇਸਨੂੰ ਵੱਧ ਮਹੱਤਵ ਦੇਣਗੇ।

ਪੜ੍ਹਾਈ ਦੀ ਵਿਅਕਤੀਗਤ ਯੋਜਨਾ ਬਣਾਉਣ ਵਿੱਚ ਤੁਸੀਂ ਆਪਣੇ ਬੱਚੇ ਦੀ ਕਿਵੇਂ ਮਦਦ ਕਰ ਸਕਦੇ ਹੋ, ਇਸ ਬਾਰੇ ਵਧੇਰੇ ਜਾਣਕਾਰੀ ਲਈ ਸਕੂਲ ਨਾਲ ਸੰਪਰਕ ਕਰੋ।

ਪੜ੍ਹਾਈ ਦੀ ਵਿਅਕਤੀਗਤ ਯੋਜਨਾ ਬਣਾਉਣ ਬਾਰੇ ਜਾਂ ਸਕੋਟਿਸ਼ ਸਿੱਖਿਆ ਦੇ ਕਿਸੇ ਵੀ ਪਹਿਲੂ ਬਾਰੇ ਵਧੇਰੇ ਜਾਣਕਾਰੀ ਤੁਹਾਨੂੰ ਪੇਰੇਂਟਜ਼ੋਨ ’ਤੇ ਮਿਲ ਸਕਦੀ ਹੈ। **www.parentzonescotland.gov.uk**

# ਉਪਯੋਗੀ ਲਿੰਕ ਅਤੇ ਸੰਪਰਕ

**ਪੇਰੇਂਟਜ਼ੋਨ (Parentzone)** www.parentzonescotland.gov.uk

**ਮੁਲਾਂਕਣ ਪੜ੍ਹਾਈ ਲਈ ਹੈ (Assessment is for Learning)** www.ltscotland.org.uk/assess

**ਬੀਬੀਸੀ ਪੇਰੇਂਟਸ (BBC Parents)** www.bbc.co.uk/schools/parents

**ਚਾਈਲਡਕੇਅਰ ਲਿੰਕ (Childcare Link)** ਟੈਲੀਫ਼ੋਨ: 0800 096 0296 www.childcarelink.gov.uk

**ਵਨ ਪੇਰੇਂਟ ਫ਼ੈਮਿਲੀਜ਼ ਸਕਾੱਟਲੈਂਡ (One Parent Families Scotland)**
ਟੈਲੀਫ਼ੋਨ: 0800 018 5026 www.opfs.org.uk

**ਪੇਰੇਂਟਸ ਸੈਂਟਰ (Parentscentre)** www.parentscentre.gov.uk

**ਪੇਰੇਂਟਲਾਈਨ ਸਕਾੱਟਲੈਂਡ (ParentLine Scotland)**
ਟੈਲੀਫ਼ੋਨ: 0808 800 2222 www.children1st.org.uk/parentline

**ਪੇਰੇਂਟ ਨੈਟਵਰਕ ਸਕਾੱਟਲੈਂਡ (Parent Network Scotland)**
ਟੈਲੀਫ਼ੋਨ: 0131 555 6780 www.parentnetworkscotland.org.uk

**ਪੁੱਛਗਿੱਛ (Enquire)** (ਸਿੱਖਿਆ ਵਿੱਚ ਵਾਧੂ ਸਹਾਇਤਾ ਲਈ ਸਕਾੱਟਿਸ਼ ਅਡਵਾਇਸ ਸਰਵਿਸ)
ਹੈਲਪਲਾਈਨ: 0845 123 23 03 ਟੈਕਸਟਫ਼ੋਨ: 0131 222 2439 www.enquire.org.uk

ਇਹ ਪੱਤਰਿਕਾ ਇੱਕ ਲੜੀ ਵਿੱਚ ਗਿਆਰਵੀਂ ਹੈ ਜਿਸ ਵਿੱਚ ਉਸ ਵਾਸਤਵਿਕ ਫ਼ਰਕ ਬਾਰੇ ਦੱਸਿਆ ਗਿਆ ਹੈ ਜੋ ਮਾਤਾਪਿਤਾ ਆਪਣੇ ਬੱਚਿਆਂ ਦੀ ਪੜ੍ਹਾਈ ਵਿੱਚ ਲਿਆ ਸਕਦੇ ਹਨ ਅਤੇ ਲਿਆਉਂਦੇ ਹਨ। ਤੁਹਾਡੇ ਬੱਚੇ ਦੇ ਸਕੂਲ ਵਿੱਚ ਵਿਹਾਰਕ ਪ੍ਰਬੰਧਾਂ ਬਾਰੇ ਤੁਹਾਨੂੰ ਜੋ ਸਥਾਨਕ ਸਲਾਹ ਮਿਲੇਗੀ, ਉਸਦੇ ਨਾਲ-ਨਾਲ ਇਹ ਲੜੀ ਤੁਹਾਨੂੰ, ਆਪਣੇ ਬੱਚੇ ਦੀ ਪੜ੍ਹਾਈ ਵਿੱਚ ਵਧੇਰੇ ਚੰਗੀ ਤਰ੍ਹਾਂ ਨਾਲ ਸ਼ਾਮਲ ਹੋਣ ਵਿੱਚ ਤੁਹਾਡੀ ਮਦਦ ਕਰਨ ਲਈ ਜਾਣਕਾਰੀ ਦਵੇਗੀ। ਪ੍ਰਕਾਸ਼ਿਤ ਕੀਤੀਆਂ ਗਈਆਂ ਦੂਜੀਆਂ ਪੱਤਰਿਕਾਵਾਂ ਹੋਮਵਰਕ, ਜਾਣਕਾਰੀ ਵੰਡਣ, ਪੇਰੇਂਟਸ ਈਵਨਿੰਗਜ਼, ਸਕੂਲ ਦੀਆਂ ਛੁੱਟੀਆਂ, ਸਕੂਲ ਦੇ ਨਵੇਂ ਸਾਲ ਦੀ ਸ਼ੁਰੂਆਤ, ਸਿਹਤਮੰਦ ਚੋਣਾਂ, ਸਕੂਲ ਤੋਂ ਬਾਹਰ ਦੀ ਪੜ੍ਹਾਈ, ਸਿੱਖਿਆ ਵਿੱਚ ਸਾਹਸ, ਪੜ੍ਹਾਈ ਵਿੱਚ ਨਵੀਂ ਟੈਕਨਾਲੋਜੀ ਅਤੇ ਆਪਣੇ ਬੱਚੇ ਦੇ ਸਕੂਲ ਵਿੱਚ ਸ਼ਾਮਲ ਹੋਣ ਬਾਰੇ ਹਨ। ਇਸ ਲੜੀ ਵਿੱਚ ਇਨ੍ਹਾਂ ਵਿਸ਼ਿਆਂ ’ਤੇ ਸਕੂਲਾਂ ਅਤੇ ਟੀਚਰਾਂ ਲਈ ਵੀ ਸਮੱਗਰੀ ਸ਼ਾਮਲ ਹੈ।

ਜੇ ਤੁਸੀਂ ਸਾਡੇ ਨਾਲ ਸੰਪਰਕ ਕਰਨਾ ਚਾਹੋ, ਜਾਂ ਭਵਿੱਖ ਵਿੱਚ ਆਉਣ ਵਾਲੀਆਂ ਪਤ੍ਰਿਕਾਵਾਂ ਲਈ ਵਿਸ਼ਿਆਂ ਬਾਰੇ ਸੁਝਾਉ ਦੇਣਾ ਚਾਹੋ, ਤਾਂ ਕ੍ਰਿਪਾ ਕਰਕੇ www.parentzonescotland.gov.uk ’ਤੇ ਜਾਓ ਜਾਂ 0131 244 0956 ’ਤੇ ਫ਼ੋਨ ਕਰੋ। ਇਹ ਪਤ੍ਰਿਕਾ ਤੁਹਾਡੇ ਬੱਚੇ ਦੇ ਸਕੂਲ ਤੋਂ ਅਤੇ ਪੇਰੇਂਟਜ਼ੋਨ ਵੈਬਸਾਈਟ ਤੋਂ ਕਮਿਉਨਿਟੀ ਭਾਸ਼ਾਵਾਂ ਵਿੱਚ ਅਤੇ ਦੂਸਰੇ ਰੁਪਾਂਤਰਾਂ ਵਿੱਚ ਮਿਲ ਸਕੇਗੀ।

ਇਹ ਲੜੀ ਕਵਾਲਿਟੀ ਇਨ ਐਜੂਕੇਸ਼ਨ ਸੇਂਟਰ (ਯੂਨੀਵਰਸਿਟੀ ਆੱਫ਼ ਸਟ੍ਰੈਥਕਲਾਈਡ) ਅਤੇ ਚਿਲਡ੍ਰਨ ਇਨ ਸਕੋਟਲੈਂਡ ਦੇ ਨਾਲ ਸਾਂਝੇਦਾਰੀ ਵਿੱਚ ਤਿਆਰ ਕੀਤੀ ਗਈ ਹੈ।

ਇਸ ਅਨੁਵਾਦ ਨੂੰ ਅਸਲੀ ਦਸਤਾਵੇਜ਼ ਦਾ ਬਿਲਕੁਲ ਸਹੀ ਚਿੱਤਰਨ (ਅਰਥ) ਮੰਨਿਆ ਗਿਆ ਹੈ।

qie Quality in Education — Children in Scotland, Clann an Alba — Scottish Executive — AifL Assessment is for Learning

Astron B46501 04-06 (Punjabi)